## *ਵੱਧ ਤੋਂ ਵੱਧ ਰਕਮਾਂ ਦੇ ਫੰਡਾਂ ਭੱਤਿਆਂ ਦੇ ਭਾਗਾਂ ਨੂੰ ਜੋੜ ਕੇ ਪੂਰਾ ਕਰਨ (ਕਾਸਾ ਇਨਤੇਗਰਾਸੀਓਨੇ),ਮੋਬੀਲੀਤਾ ਅਤੇ ਬੇਰੁਜ਼ਗਾਰੀ ਲਈ ਨਵਾਂ ਢੰਗ ਵਿਹਾਰ:*

***ਕਾਸਾ ਇਨਤੇਗਰਾਸੀਓਨੇ:*** *ਇਹ ਇੱਕ INPS ਦੀ ਅਜਿਹੀ ਸ਼ਾਖਾ ਹੈ ਜੋ ਕਿ ਮਜ਼ਦੂਰਾ ਨੂੰ ਤਨਖ਼ਾਹ ਸੰਬੰਧੀ ਪੈਦਾ ਹੋਣ ਵਾਲੇ ਨੁਕਸਾਨ ਤੋਂ ਬਚਾਉਂਦੀ ਹੈ ਅਤੇ ਤਨਖ਼ਾਹ ਦਾ ਇੱਕ ਜਾਇਜ਼ ਹਿੱਸਾ ਉਸੇ ਕੰਪਨੀ ਦੁਆਰਾ ਪ੍ਰਦਾਨ ਕਰਦੀ ਹੈ।ਅਤੇ ਇਸ ਤੋਂ ਇਲਾਵਾ ਮੁਸ਼ਕਿਲ ਹਲਾਤਾਂ ਵਿੱਚੋਂ ਗੁਜਰ ਰਹੇ ਉਦਯੋਗਾਂ (ਕੰਪਨੀਆਂ) ਨੂੰ ਵੀ ਸਾਹਾਰਾ ਦਿੰਦੀ ਹੈ ਜਿਵੇਂ ਉਹਨਾਂ ਵਿੱਚ ਕਿਸੇ ਕਾਰਨ ਕਰਕੇ ਕੰਮ ਘੱਟ ਜਾਂਦਾ ਹੈ ਜਾਂ ਥੋੜੇ ਸਮੇ ਲਈ ਪੂਰੀ ਤਰ੍ਹਾਂ ਰੁਕਾਵਟ ਆ ਜਾਂਦੀ ਹੈ।*

***ਮੋਬੀਲੀਤਾ:*** *ਇਹ ਇੱਕ ਜਾਇਜ਼ ਹਿੱਸਾ ਹੈ ਜਿਸ ਵਿੱਚ ਕੰਪਨੀਆਂ ਕਈ ਮਜ਼ਦੂਰਾਂ ਦੇ ਕੰਮ ਦੇ ਕੋਨਟੈਰਕਟ ਨੂੰ ਤੋੜਨ ਦਾ ਫੈਸਲਾ ਕਰਦੀਆਂ ਹਨ ਤਾਂ ਇਹਨਾਂ ਬੇਰੁਜ਼ਗਾਰ ਮਜ਼ਦੂਰਾਂ ਨੂੰ ਇੱਕ ਸੂਚੀ ਵਿੱਚ ਰਜ਼ਿਸਟਰ ਕੀਤਾ ਜਾਂਦਾ ਹੈ (ਜਿਸ ਨੂੰ ਲੀਸਤਾ ਦੀ ਕੋਲੋਕਾਮੈਂਤੋ ਕਿਹਾ ਗਿਆ ਹੈ ) ਨਵੇ ਕੰਮ ਦੇ ਮਿਲਣ ਦੀ ਉਡੀਕ ਤੱਕ ਇੱਕ ਆਰਥਿਕ ਸਹਾਇਤਾ INPS ਦੇ ਇੱਕ ਦਫ਼ਤਰ ਵੱਲੋਂ ਕੀਤੀ ਜਾਂਦੀ ਹੈ।*

*2008 ਤੋਂ ਲੈ ਕੇ, 1 ਜਨਵਰੀ 2008 ਦੇ ਪ੍ਰਭਾਵ ਤੋਂ, ਵਿਧਾਨਕ ਧਾਰਾ 1, ਕਾਨੂੰਨ ਨੰਬਰ 247 ਦੇ ਪੈਰਾ ਨੰਬਰ 27, 24 ਦਸੰਬਰ 2007 ਜੋ ਕਿ ਸ਼ਾਮਿਲ ਕਰਦਾ ਹੈ ਮੂਲ ਪ੍ਰਤੀ ਹਿੱਸਾ ਕੁਲਿਆਣ (ਭਲਾਈ) ਲਈ, ਜਿਸ ਨੇ ਫੈਸਲਾ ਕੀਤਾ ਹੈ ਤਨਖ਼ਾਹ ਧਰ ਨੂੰ ਜੋੜ ਕੇ ਪੂਰਾ ਕਰਨ ਦੇ ਵਿਹਾਰ ਨੂੰ ਵਧਾਉਣ ਦਾ, ਮੋਬੀਲੀਤਾ ਅਤੇ ਬੇਰੁਜ਼ਗਾਰੀ ਦੀ ਸਹਾਇਤਾ ਰਕਮ ਨੂੰ 100% ਦੀ ਮਾਤਾ ਵੱਜੋਂ ਤੈਅ ਕੀਤਾ ਗਿਆ ਹੈ ਜੋ ਕਿ ਸਾਲ 2007 ਵਿੱਚ 80% ਸੀ, ਖਪਤ ਸੂਚੀ ਦੇ ਸਾਲਾਨਾ ਔਸਤਨ ਵਾਧੇ ਨੂੰ ਮੱਧੇ ਨਜ਼ਰ ਰੱਖਦੇ ਹਏ।*

*ਜਿਹੜੇ ਮੁਲਾਜ਼ਮ ਬੇਰੁਜਗਾਰੀ, ਪਰਿਵਰਤਨਸ਼ੀਲਤਾ (ਮੋਬੀਲੀਤਾ) ਅਤੇ ਤਨਖ਼ਾਹ ਨੂੰ ਜੋੜ ਕੇ ਪੂਰਾ ਕਰਨ ਦੀ ਵਰਤਾਓ ਵਿੱਚ ਆਉਦੇ ਹਨ (ਕਾਸਾ ਇਨਤੇਗਰਾਸੀਓਨੇ), ਉਹਨਾਂ ਨੂੰ ਵੱਧ ਤੋਂ ਵੱਧ ਰਕਮਾਂ ਦਾ ਭੁਗਤਾਨ ਕੀਤੀ ਜਾਏਗਾ, ਜਿਹੜੀਆਂ ਕਿ ਸਾਲ 2008 ਨਾਲ ਸੰਬੰਧਤ ਹਨ ਜਿਵੇਂ ਕਿ INPS ਦਫ਼ਤਰ ਵੱਲੋਂ 1 ਫਰਵਰੀ 2008 ਦੇ ਲਿਖਤੀ ਹੁਕਮਨਾਮਾ ਨੰਬਰ 14 ਅਨੁਸਾਰ ਹੈ :*

## *ਆਮਦਨ ਫੰਡ ਦਾ ਸਾਧਰਨ ਅਤੇ ਆਸਾਧਰਨ ਭਾਗ ਜੋੜ (ਕਾਸਾ ਇੱਨਤੇਗਰਾਸੀਓਨੇ)*

*ਇਸ ਦੀ ਭੁਗਤਾਨ ਦਰਸਾਈ ਗਈ ਸੰਬੰਧਤ ਆਮਦਨ ਦੀ 80% ਮਾਤ੍ਰਾ ਵਿੱਚ ਹੈ ਅਤੇ ਮਾਸਿਕ ਵਾਧੇ ਜਿਹੜੇ ਕਿ ਤਨਖ਼ਾਹ ਨਾਲ ਜੁੜੇ ਹੋਏ ਹਨ (13° (ਤੇਰਮੀ ਤਨਖ਼ਾਹ), ਇਨਾਮ ਆਦਿ) ਹੇਠ ਲਿਖਿਆ ਵੱਧ ਤੋਂ ਵੱਧ ਸੀਮਾਵਾਂ ਦੇ ਵਿੱਚ ਵਿੱਚ :*

***1° ਅਧਿਕਤਮ***

*ਜੇ ਮਾਸਿਕ ਸੰਪੂਰਣ ਤਨਖ਼ਾਹ ਏਊਰੋ 1857,48 ਤੱਕ ਹੈ,(ਸਾਲ 2007: ਏਊਰੋ 1826,07)*

| | *ਸਾਲ 2008* | *ਸਾਲ 2007* |
|---|---|---|

From Brescia

| | | |
|---|---|---|
| ਮਾਸਿਕ ਸੰਪੂਰਣ ਮੁਆਵਜ਼ਾ | ਏਊਰੋ 858,58 | ਏਊਰੋ 844,06 |
| ਮਾਸਿਕ ਮੁਆਵਜ਼ਾ ਸਾਰੇ ਸਮਾਜਿਕ ਟੈਕਸ (5,84%) ਕੱਟ ਕੇ | ਏਊਰੋ 808,44 | ਏਊਰੋ 794,77 |

**2° ਅਧਿਕਤਮ**

ਜੇ ਮਾਸਿਕ ਸੰਪੂਰਣ ਤਨਖ਼ਾਹ ਏਊਰੋ 1857,48 ਤੋਂ ਵੱਧ ਹੈ,(ਸਾਲ 2007: ਏਊਰੋ 1826,07)

| | ਸਾਲ 2008 | ਸਾਲ 2007 |
|---|---|---|
| ਮਾਸਿਕ ਸੰਪੂਰਣ ਮੁਆਵਜ਼ਾ | ਏਊਰੋ 1031,93 | ਏਊਰੋ 1014,48 |
| ਮਾਸਿਕ ਮੁਆਵਜ਼ਾ ਸਾਰੇ ਸਮਾਜਿਕ ਟੈਕਸ (5,84%) ਕੱਟ ਕੇ | ਏਊਰੋ 971,67 | ਏਊਰੋ 955,23 |

## ਪਰਿਵਰਤਨਸ਼ੀਲਤਾ ਦਾ ਮੁਆਵਜ਼ਾ

**1° ਅਧਿਕਤਮ**

ਪਹਿਲੇ 12 **ਮਹੀਨਿਆ** ਲਈ ਸੰਬੰਧਤ ਤਨਖ਼ਾਹ ਦਾ 80% ਮ੍ਰਾਤਾ ਦਾ ਭੁਗਤਾਨ ਕੀਤਾ ਜਾਵੇਗਾ, ਸਮੇਤ ਮਾਸਿਕ ਵਾਧੇ ਜਿਹੜੇ ਤਨਖ਼ਾਹ ਨਾਲ ਜੁੜੇ ਹੋਏ ਹਨ(13° (ਤੇਰਮੀ ਤਨਖ਼ਾਹ), ਇਨਾਮ ਆਦਿ ) ਹੇਠ ਲਿਖਿਆ ਵੱਧ **ਤੋਂ ਵੱਧ ਸੀਮਾਵਾਂ** ਦੇ ਵਿੱਚ ਵਿੱਚ :

| | **ਸਾਲ 2008** | ਸਾਲ 2007 |
|---|---|---|
| ਮਾਸਿਕ ਸੰਪੂਰਣ ਮੁਆਵਜ਼ਾ | **ਏਊਰੋ 858,58** | ਏਊਰੋ 844,06 |
| ਮਾਸਿਕ ਮੁਆਵਜ਼ਾ ਸਾਰੇ ਸਮਾਜਿਕ ਟੈਕਸ (5,84%) ਕੱਟ ਕੇ | **ਏਊਰੋ 808,44** | ਏਊਰੋ 794,77 |

**2° ਅਧਿਕਤਮ**

ਜੇ ਮਾਸਿਕ ਸੰਪੂਰਣ ਤਨਖ਼ਾਹ **ਏਊਰੋ** 1857,48 **ਤੋਂ ਵੱਧ** ਹੈ,(ਸਾਲ 2007: ਏਊਰੋ 1826,07)

| | **ਸਾਲ 2008** | ਸਾਲ 2007 |
|---|---|---|

Fiom Brescia

| | | |
|---|---|---|
| *ਮਾਸਿਕ ਸੰਪੂਰਣ ਮੁਆਵਜ਼ਾ* | ***ਏਊਰੋ 1031,93*** | *ਏਊਰੋ 1014,48* |
| *ਮਾਸਿਕ ਮੁਆਵਜ਼ਾ ਸਾਰੇ ਸਮਾਜਿਕ ਟੈਕਸ (5,84%) ਕੱਟ ਕੇ* | ***ਏਊਰੋ 971,67*** | *ਏਊਰੋ 955,23* |

**13** ***ਮਹੀਨੇ ਤੋਂ*** *ਬਾਅਦ ਮੋਬੀਲੀਤਾ ਦੇ ਮੁਆਵਜ਼ੇ ਤੇ* ***20%*** *ਦਾ ਮ੍ਰਾਤਾ ਦੀ ਕਾਟੌਤੀ ਕੀਤੀ ਜਾਂਦੀ ਹੈ ਪਰ ਇਸ ਉਪਰ ਸਮਾਜਿਕ ਟੈਕਸ* ***5,84%*** *ਨਹੀਂ ਲਾਇਆ ਜਾਂਦਾ, ਇਸ ਤਰਾਂ ਦੇਣਯੋਗ ਮੁਆਵਜ਼ਾ,* ***ਸਾਰੇ ਮਾਸਿਕ ਮੁਆਵਜ਼ੇ ਦੇ 80%*** *ਦੇ ਬਰਾਬਰ ਹੈ, ਜਿਵੇਂ ਉਪਰ ਦਿੱਤੀਆਂ ਗਈਆਂ ਅਧਿਕਮਾਂ ਦੇ ਸੂਚੀ-ਪ੍ਰਤ ਵਿੱਚ ਦੱਸਿਆ ਗਿਆ ਹੈ।*

*ਯਾਦ ਰਹੇ ਕਿ ਲਈ ਗਈ ਅਧਿਕਮ ਦੀ ਅਦਾਇਗੀ ਮੋਬੀਲੀਤਾ ਨਾਲ ਸੰਬੰਧਤ ਹੈ ਜੋ ਕਿ* ***ਜਿਸ ਤਰੀਖ ਨੂੰ ਬਰਖ਼ਾਸਤਗੀ ਹੋਈ ਹੈ*** *ਉਸ ਤੋਂ ਅਗਲੇ ਸਾਲਾਂ ਦੀ ਮੋਬੀਲੀਤਾ ਦੇ ਦੇਣਯੋਗ ਮੁਆਵਜ਼ੇ ਨਾਲ ਸੰਬੰਧਤ ਹੈ ਇਸ ਲਈ ਇਸ ਉਪਰ ਬਾਅਦ ਵਾਲੇ ਸਲਾਨਾਂ ਮੁਲਾਂਕਣ ਨਹੀਂ ਲਾਏ ਜਾਂਦੇ ਜਿਹੜੇ ਕਿ ਖ਼ਪਤ ਸੂਚੀ (ਈਸਤਾਤ) ਦੇ ਔਸਤਨ ਵਾਧੇ ਨੂੰ ਮੱਧੇ ਨਜ਼ਰ ਰੱਖਦੇ ਹਨ (ਜਿਵੇ ਕਿ ਕਾਸਾ ਇਨਤੇਗਰਾਸੀਓਨੇ ਲਈ ਹੁੰਦਾ ਹੈ) ਚਾਹੇ ਮਜ਼ਦੂਰ ਆਮ ਮੋਬੀਲੀਤਾ ਦੇ ਕੇਸ ਵਿੱਚ ਹੋਵੇ।*

## ***ਬੇਰੋਜ਼ਗਾਰੀ ਦਾ ਮੁਆਵਜ਼ਾ***

*ਵਿਧਾਰ ਦੀ ਧਾਰਾ 1, ਪੈਰਾ 25, ਨੰਬਰ 247, 24 ਦਸੰਬਰ 2007 ਦੇ ਕਾਨੂੰਨ ਵਿੱਚ ਨਾਲ ਹੀ ਪ੍ਰਦਾਨ ਕੀਤਾ ਗਿਆ ਹੈ ਵੱਧ ਤੋਂ ਵੱਧ ਸੁਰੱਖਿਅਤ ਦੇ ਸਮੇਂ ਨੂੰ ਵਧਾਉਦੇ ਹੋਏ ਜਿਸ ਵਿਚ ਸਧਾਂਰਨ ਆਮ ਸ਼ਰਤਾਂ ਵਾਲੀ ਬੇਰੋਜ਼ਗਾਰੀ, (ਜਿਹੜੀ ਕਿ ਧਾਰਾ 19, ਪਹਿਲਾ ਪੈਰਾ ਨੰਬਰ 636, 14 ਅਪ੍ਰੈਲ 1939) ਦੇ ਸਰਕਾਰੀ ਅਦਾਲਤੀ ਨਿਯਮ ਫੈਸਲਾ ਹੈ* ***ਅੱਠ ਮਹੀਨਿਆਂ*** *ਲਈ ਜਿਹਨਾਂ ਦੀ* ***ਰੇਜ਼ਿਸ਼ਟਰਡ ਉਮਰ 50 ਸਾਲ ਤੋਂ ਥੱਲੇ ਹੈ ਅਤੇ ਬਾਰਾਂ ਮਹੀਨਿਆਂ*** *ਲਈ ਜਿਹਨਾਂ ਅਧੀਨ ਮੁੱਨਖਾਂ ਦੀ* ***ਰੇਜ਼ਿਸ਼ਟਰਡ ਉਮਰ 50 ਸਾਲ ਦੀ ਹੈ ਜਾਂ ਉਸ ਤੋਂ ਵੱਧ ਹੈ*** *ਇਸ ਤੋਂ ਇਲਾਵਾ ਜਿਹੜੇ ਮਜ਼ਦੂਰ ਕੰਮ ਤੋਂ ਮੁਅੱਤਲ ਹਨ ਅਤੇ ਇਹ ਕਾਸਾ ਇਨਤੇਗਰਾਸੀਓਨੇ ਤੋਂ ਲਾਭ ਨਹੀਂ ਉਠਾ ਸਕਦੇ, ਵਿਧਾਨ ਦੀ ਧਾਰਾ 1 ਪੈਰਾ 84, 24 ਦਸੰਬਰ 2007 ਦੇ ਕਾਨੂੰਨ ਨੰਬਰ 247 ਵਿਚ ਨਾਲ ਹੀ ਪ੍ਰਦਾਨ ਕੀਤਾ ਹੈ ਕਿ ਸਾਲ 2008 ਤੋਂ, ਬੇਰੋਜ਼ਗਾਰੀ ਦੇ ਸਧਾਰਨ ਮੁਆਵਜ਼ੇ ਦੇ* ***65 ਦਿਨ ਮੰਨੇ ਜਾਣਗੇ*** *ਜਿਵੇਂ ਕਿ ਦੱਸਿਆ ਗਿਆ ਹੈ 2005 ਦੇ ਅਦਾਲਤੀ ਹੁਕਮ ਨੰਬਰ 35 ਦੇ ਵਿੱਚ।*

*ਇਸ ਲਈ* ***1 ਜਨਵਰੀ 2008*** *ਤੋਂ, ਬੇਰੋਜ਼ਗਾਰ ਮਜ਼ਦੂਰ ਜਿਸ ਦੀ ਉਮਰ* ***50 ਸਾਲ ਤੋਂ ਹੇਠਾਂ ਹੈ*** *ਇਸ ਨੂੰ ਵੱਧ ਤੋਂ ਵੱਧ* ***8*** *ਮਹੀਨਿਆਂ ਦੇ ਸਮੇਂ ਲਈ ਮੁਆਵਜ਼ਵੇ ਦਾ ਹੱਕ ਮਿਲੇਗਾ, ਜਿਸ ਵਿੱਚ ਸੰਬੰਧਤ ਤਨਖ਼ਾਹ ਦਾ ਔਸਤਨ ਹਿੱਸਾ, ਇਸ ਵਿੱਚ ਉਹ ਮਾਸਿਕ ਵਾਧਾ ਵੀ ਸ਼ਾਮਿਲ ਹੈ(ਜਿਵੇਂ 13° (ਤੇਰਮੀ ਤਨਖ਼ਾਹ), ਇਨਾਮ ਆਦਿ) ਪਹਿਲੇ* ***6*** *ਮਹੀਨਿਆਂ ਲਈ* ***60%*** *ਅਤੇ ਅਗਲੇ* ***2*** *ਮਹੀਨਿਆਂ ਦਾ* ***50%*** *ਮਿਲੇਗਾ। ਬੇਰੋਜ਼ਗਾਰ ਮਜ਼ਦੂਰ ਜਿਸ ਦੀ ਉਮਰ* ***50 ਸਾਲ ਦੇ ਬਰਾਬਰ ਜਾਂ ਉਸ ਤੋਂ ਜ਼ਿਆਦਾ*** *ਹੈ ਉਸ ਲਈ ਮੁਆਵਜ਼ੇ ਦਾ ਵੱਧ ਤੋਂ ਵੱਧ ਸਮਾਂ* ***12*** *ਮਹੀਨਿਆਂ ਦਾ ਹੋਏਗਾ, ਜਿਸ ਵਿੱਚ ਸੰਬੰਧਤ ਤਨਖ਼ਾਹ ਦਾ ਪਹਿਲੇ* ***6*** *ਮਹੀਨਿਆਂ ਲਈ* ***60%*** *ਅਤੇ ਅਗਲੇ 2 ਮਹੀਨਿਆਂ ਦਾ* ***50%*** *ਅਤੇ ਬਾਕੀ* ***4*** *ਮਹੀਨਿਆਂ ਲਈ* ***40%*** *ਜਿਸ ਵਿੱਚ ਉਹ ਮਾਸਿਕ ਵਾਧਾ ਵੀ ਸ਼ਾਮਿਲ ਹੈ(ਜਿਵੇਂ 13° (ਤੇਰਮੀ ਤਨਖ਼ਾਹ), ਇਨਾਮ ਆਦਿ), ਹੇਠ ਦੱਸੀਆਂ ਗਈਆਂ* ***ਅਧਿਕਤਾਵਾਂ (ਵੱਧ***

Fiom Brescia

*ਤੋਂ ਵੱਧ) ਦੇ ਹੱਦਾਂ ਦੇ ਵਿੱਚ ਵਿੱਚ :*

***1° ਅਧਿਕਤਮ***

*ਮਾਸਿਕ ਸੰਪੂਰਣ ਤਨਖ਼ਾਹ : **ਏਊਰੋ 1857,48 ਤੱਕ** (ਸਾਲ 2007: ਏਊਰੋ 1826,07)*

| | **ਸਾਲ 2008** | ਸਾਲ 2007 |
|---|---|---|
| ਮਹੀਨੇ ਦਾ ਵੱਧ ਤੋਂ ਵੱਧ ਮਾਸਿਕ ਮੁਆਵਜ਼ਾ | **ਏਊਰੋ 858,58** | ਏਊਰੋ 844,06 |

***2° ਅਧਿਕਤਮ***

*ਮਾਸਿਕ ਸੰਪੂਰਣ ਤਨਖ਼ਾਹ : **ਏਊਰੋ 1857,48 ਤੋਂ ਵੱਧ** (ਸਾਲ 2007: ਏਊਰੋ 1826,07)*

| | **ਸਾਲ 2008** | ਸਾਲ 2007 |
|---|---|---|
| ਮਹੀਨੇ ਦਾ ਵੱਧ ਤੋਂ ਵੱਧ ਮਾਸਿਕ ਮੁਆਵਜ਼ਾ | **ਏਊਰੋ 1031,93** | ਏਊਰੋ 1014,48 |

*ਬੇਰੋਜ਼ਗਾਰੀ ਦੇ ਸਧਾਰਨ ਮੁਆਵਜ਼ਾ, ਸਮਾਜ਼ਿਕ ਟੈਕਸ **5,84%** ਦਾ ਵਿਸ਼ਾ ਨਹੀ ਹੈ*

***ਧਾਤ ਦੇ ਕਾਰਖ਼ਾਨੇ ਦੇ ਮਜ਼ਦੂਰਾਂ ਅਤੇ ਕਰਮਚਾਰੀਆਂ ਦੀ ਸੰਸਥਾ – ਬਰੇਸ਼ੀਆ***

*ਫਰਵਰੀ 2008*

Fiom Brescia